# ਜਮਾਤ-ਦਸਵੀਂ

## ਪੰਜਾਬੀ –ਬੀ

# 2022-2023

ਸਮਾਂ: 3 ਘੰਟੇ

ਲਿਖਤੀ= 65 ਅੰਕ

ਆਂਤਰਿਕ ਮੁਲਾਂਕਣ= 10 ਅੰਕ

ਕੁੱਲ ਅੰਕ= 75 ਅੰਕ

## ਪਾਠ-ਕ੍ਰਮ ਅਤੇ ਅੰਕ-ਵੰਡ

| ਲੜੀ ਨੰ. | ਪਾਠ-ਕ੍ਰਮ | ਅੰਕ |
|---|---|---|
| 1. | ਸੁੰਦਰ ਲਿਖਾਈ | 05 |
| 2. | ਲੇਖ,ਪੱਤਰ,ਸੰਖੇਪ ਰਚਨਾ,ਅਣਡਿੱਠਾ ਪੈਰਾ,ਮੁਹਾਵਰੇ,ਪੰਜਾਬੀ ਸ਼ਬਦ-ਜੋੜ | 32 |
| 3. | ਵਿਸਰਾਮ-ਚਿੰਨ੍ਹ,ਵਿਆਕਰਨ ਦੀ ਪਰਿਭਾਸ਼ਾ,ਭਾਸ਼ਾ ਅਤੇ ਪੰਜਾਬੀ ਭਾਸ਼ਾ,ਧੁਨੀ ਅਤੇ ਪੰਜਾਬੀ ਧੁਨੀਆਂ,ਲਿਪੀ ਅਤੇ ਗੁਰਮੁਖੀ ਲਿਪੀ,ਸ਼ਬਦ-ਬੋਧ,ਵਾਕ-ਬੋਧ | 18 |
| 4. | ਸ਼ਬਦ-ਭੇਦ,ਅਰਥ-ਬੋਧ | 10 |
| | ਕੁੱਲ ਅੰਕ | 65 |

## ਪਾਠ-ਕ੍ਰਮ

ਪ੍ਰਸ਼ਨ:1 ਵਿਆਕਰਨ ਭਾਗ ਵਿੱਚੋਂ ਵਸਤੂਨਿਸ਼ਠ ਕਿਸਮ (Objective Type) ਦਾ ਪ੍ਰਸ਼ਨ ਹੋਵੇਗਾ।

ਪ੍ਰਸ਼ਨ:2 ਲੇਖ :

(ੳ) ਜੀਵਨੀਆਂ-ਮਹਾਂਪੁਰਖਾਂ/ਦੇਸ਼ ਭਗਤਾਂ/ਇਤਿਹਾਸਿਕ ਅਤੇ ਸਾਹਿਤਿਕ ਵਿਅਕਤੀਆਂ ਦੀਆਂ ਜੀਵਨੀਆਂ।

(ਅ) ਪੇਂਡੂ ਅਤੇ ਸ਼ਹਿਰੀ ਜੀਵਨ ਦੀਆਂ ਸਮੱਸਿਆਵਾਂ (ਸਮਾਜਿਕ, ਆਰਥਿਕ ਅਤੇ ਸਿਹਤ ਨਾਲ ਸੰਬੰਧਿਤ)।

(ੲ) ਮੇਲੇ/ਤਿਉਹਾਰ ਅਤੇ ਸੱਭਿਆਚਾਰਿਕ ਪੱਖਾਂ ਨਾਲ ਸੰਬੰਧਿਤ।

(ਸ) ਵਿਦਿਆਰਥੀ ਜੀਵਨ ਦੇ ਪੱਖ/ਯਾਤਰਾਵਾਂ ਨਾਲ ਸੰਬੰਧਿਤ।

(ਹ) ਵਿਗਿਆਨ ਅਤੇ ਵਿਗਿਆਨਿਕ ਚੇਤਨਾ ਨਾਲ ਸੰਬੰਧਿਤ।

ਪ੍ਰਸ਼ਨ:3 ਚਿੱਠੀਆਂ/ਪੱਤਰ: ਨਿੱਜੀ: ਮਿੱਤਰਾਂ/ਸਹੇਲੀਆਂ, ਰਿਸ਼ਤੇਦਾਰਾਂ ਅਤੇ ਮਾਪਿਆਂ ਨੂੰ।

ਅਰਜ਼ੀਆਂ : ਸਰਕਾਰੀ/ਅਰਧ-ਸਰਕਾਰੀ/ਪ੍ਰਾਈਵੇਟ, ਅਦਾਰਿਆਂ ਨਾਲ ਸੰਬੰਧਿਤ।

ਪ੍ਰਸ਼ਨ:4 ਸੰਖੇਪ ਪੈਰਾ : ਕਿਸੇ ਪੈਰੇ ਦੀ ਸੰਖੇਪ ਰਚਨਾ ਕਰਨਾ ਅਤੇ ਸਿਰਲੇਖ ਦੇਣਾ।

ਪ੍ਰਸ਼ਨ:5 ਅਣਡਿੱਠਾ ਪੈਰਾ : ਨਿਯਤ ਪਾਠ-ਪੁਸਤਕ ਦੇ ਬਾਹਰੋਂ ਦਿੱਤੇ ਪੈਰੇ ਵਿੱਚੋਂ ਪ੍ਰਸ਼ਨ ਪੁੱਛਣੇ।

ਪ੍ਰਸ਼ਨ:6 ਮੁਹਾਵਰੇ : ਮੁਹਾਵਰਿਆਂ ਦੀ ਵਾਕਾਂ ਵਿੱਚ ਵਰਤੋਂ

ਪ੍ਰਸ਼ਨ:7 ਵਿਸਰਾਮ ਚਿੰਨ੍ਹ: ਵਿਸਰਾਮ ਚਿੰਨ੍ਹਾਂ ਦੀ ਵਰਤੋਂ

ਪ੍ਰਸ਼ਨ:8 (ੳ) ਵਿਆਕਰਨ : ਪਰਿਭਾਸ਼ਾ, ਮਹੱਤਵ, ਅੰਗ।

ਭਾਸ਼ਾ ਅਤੇ ਪੰਜਾਬੀ ਭਾਸ਼ਾ : ਪਰਿਭਾਸ਼ਾ, ਪੰਜਾਬੀ ਦੀਆਂ ਉਪ ਭਾਸ਼ਾਵਾਂ, ਟਕਸਾਲੀ ਜਾਂ ਮਿਆਰੀ ਭਾਸ਼ਾ।

(ਅ) ਧੁਨੀ ਅਤੇ ਪੰਜਾਬੀ ਧੁਨੀਆਂ : ਸੁਰ, ਵਿਅੰਜਨ, ਨਾਸਕੀ ਸੁਰ, ਨਾਸਕੀ ਵਿਅੰਜਨ

ਪ੍ਰਸ਼ਨ:9 ਲਿਪੀ ਅਤੇ ਗੁਰਮੁਖੀ ਲਿਪੀ: ਵਰਨ ਜਾਂ ਅੱਖਰ ਦੀਆਂ ਕਿਸਮਾਂ, ਮੁਕਤਾ, ਲਗਾਂ ਅਤੇ ਲਗਾਖਰ (ਬਿੰਦੀ, ਟਿੱਪੀ, ਅਧਕ)

ਪ੍ਰਸ਼ਨ:10 (ੳ) ਸ਼ਬਦ-ਬੋਧ : ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ, ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ ਅਤੇ ਵਿਸਮਿਕ ਦੀਆਂ ਪਰਿਭਾਸ਼ਾਵਾਂ।

(ਅ) ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ, ਕਿਰਿਆ-ਵਿਸ਼ੇਸ਼ਣ ਦੀਆਂ ਕਿਸਮਾਂ।

ਪ੍ਰਸ਼ਨ:11 ਲਿੰਗ ਅਤੇ ਵਚਨ ਬਦਲੋ।

ਪ੍ਰਸ਼ਨ:12 ਕਾਲ : ਕਿਸਮਾਂ, ਉਪਭੇਦ ਅਤੇ ਵਾਕ ਦਾ ਕਾਲ ਬਦਲਣਾ।

ਪ੍ਰਸ਼ਨ :13 ਅਰਥ-ਬੋਧ : ਬਹੁ-ਅਰਥਕ ਸ਼ਬਦ, ਸਮਾਨਾਰਥਕ ਸ਼ਬਦ, ਵਿਰੋਧਾਰਥਕ ਸ਼ਬਦ ਅਤੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ।

## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 3 ਘੰਟੇ

ਕੁੱਲ ਅੰਕ (ਲਿਖਤੀ)=65

ਨੋਟ:

(1) 05 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ।ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-65 ਵਿੱਚ ਹੀ ਰਾਖਵੇਂ ਹਨ।ਸੁੰਦਰ ਲਿਖਾਈ ਵਿੱਚ ਅੱਖਰਾਂ ਤੇ ਸ਼ਬਦਾਂ ਦਾ ਸਹੀ ਆਕਾਰ, ਸਪਸ਼ਟਤਾ, ਨਿਸ਼ਚਿਤ ਦੂਰੀ,ਲਿਖਣ 'ਚ ਇਕਸਾਰਤਾ,ਪ੍ਰਵਾਹਯੁਕਤ ਲੇਖਨ , ਸ਼ਬਦ-ਜੋੜ ਸ਼ੁੱਧਤਾ,ਸੁੰਦਰ ਸ਼ਬਦ-ਬਣਤਰ,ਵਿਸਰਾਮ-ਚਿੰਨ੍ਹਾਂ ਦੀ ਸਹੀ ਵਰਤੋਂ ਅਤੇ ਲਿਖਾਈ ਦੇ ਸਮੁੱਚੇ ਖ਼ੂਬਸੂਰਤ ਪ੍ਰਭਾਵ ਦੇ ਆਧਾਰ 'ਤੇ ਪਰੀਖਿਅਕ ਸੰਬੰਧਿਤ ਪਰੀਖਿਆਰਥੀ ਦੀ ਲਿਖਾਈ ਦਾ ਮੁਲਾਂਕਣ ਕਰੇਗਾ।

(2) ਪ੍ਰਸ਼ਨ-ਪੱਤਰ ਦੇ ਕੁੱਲ 14 ਪ੍ਰਸ਼ਨ ਹੋਣਗੇ। ਪ੍ਰਸ਼ਨ ਨੰ. 1 ਸੁੰਦਰ ਲਿਖਾਈ ਲਈ ਰਾਖਵਾਂ ਹੋਵੇਗਾ।

(3) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

(4) ਪ੍ਰਸ਼ਨ ਨੰ. 2 ਵਸਤੂਨਿਸ਼ਠ ਕਿਸਮ ਦਾ ਹੋਵੇਗਾ।( ਇਸ ਵਿੱਚ ਪ੍ਰਸ਼ਨ ਨੰ.7,8,9,10,11,12 ਅਤੇ 13 ਵਿੱਚੋਂ ਵਸਤੂਨਿਸ਼ਠ ਕਿਸਮ ਦੇ 10 ਪ੍ਰਸ਼ਨ ਪੁੱਛੇ ਜਾਣਗੇ।ਹਰੇਕ ਪ੍ਰਸ਼ਨ ਦਾ 1 ਅੰਕ ਹੋਵੇਗਾ।) 1*10=10 ਅੰਕ

ਪ੍ਰਸ਼ਨ 2: ਕੋਈ ਪੰਜ ਵਿਸ਼ੇ ਦੇ ਕੇ ਕਿਸੇ ਇੱਕ ਉੱਤੇ ਲਗ-ਪਗ 400 ਸ਼ਬਦਾਂ ਦਾ ਲੇਖ ਲਿਖਣ ਲਈ ਕਿਹਾ ਜਾਵੇਗਾ। 3 ਅੰਕ ਵਿਸ਼ਾ ਵਸਤੂ ਦੇ ਅਤੇ 7 ਅੰਕ ਪ੍ਰਗਟਾਅ-ਵਿਸ਼ਾ ਵਸਤੂ ਦੀ ਤਰਤੀਬ, ਸਪਸ਼ਟਤਾ, ਸ਼ਬਦਾਵਲੀ, ਮੁਹਾਵਰੇ ਆਦਿ ਦੇ ਹਨ। 10

ਪ੍ਰਸ਼ਨ 3: ਕੋਈ ਦੋ ਵਿਸ਼ੇ ਦੇ ਕੇ ਕਿਸੇ ਇੱਕ 'ਤੇ ਪੱਤਰ/ਅਰਜ਼ੀ ਲਿਖਣ ਲਈ ਕਿਹਾ ਜਾਵੇਗਾ। ਆਰੰਭ ਦੇ 2 ਅੰਕ, ਮੱਧ ਦੇ 4 ਅੰਕ ਅਤੇ ਅੰਤ ਦਾ 1 ਅੰਕ ਹੈ। 2+3+1=6

ਪ੍ਰਸ਼ਨ 4: ਲਗ-ਪਗ 150 ਸ਼ਬਦਾਂ ਦਾ ਇੱਕ ਪੈਰਾ ਦੇ ਕੇ ਉਸ ਨੂੰ ਇੱਕ ਤਿਹਾਈ ਸ਼ਬਦਾਂ ਵਿੱਚ ਸੰਖੇਪ ਕਰਨ ਲਈ ਕਿਹਾ ਜਾਵੇਗਾ। ਇਸ ਦਾ ਇੱਕ ਸਿਰਲੇਖ ਵੀ ਲਿਖਣਾ ਹੋਵੇਗਾ। ਸੰਖੇਪ ਰਚਨਾ ਦੇ 5 ਅੰਕ ਅਤੇ ਸਿਰਲੇਖ ਦਾ 1 ਅੰਕ ਹੈ। 4+1= 5

ਪ੍ਰਸ਼ਨ 5: ਨਿਯਤ ਪਾਠ - ਪੁਸਤਕਾਂ ਤੋਂ ਬਾਹਰੋਂ ਲਗ-ਪਗ 150 ਸ਼ਬਦਾਂ ਦਾ ਇੱਕ ਪੈਰਾ ਦੇ ਕੇ ਉਸ ਦੇ ਵਿਸ਼ਾ - ਵਸਤੂ ਬਾਰੇ 3 ਪ੍ਰਸ਼ਨ ਪੁੱਛੇ ਜਾਣਗੇ। 1+1+1= 3

ਪ੍ਰਸ਼ਨ 6: 8 ਮੁਹਾਵਰੇ ਦੇ ਕੇ ਕਿਸੇ 4 ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤਣ ਲਈ ਕਿਹਾ ਜਾਵੇਗਾ ਕਿ ਅਰਥ ਸਪਸ਼ਟ ਹੋ ਜਾਣ। ਵੱਖਰੇ ਅਰਥ ਨਹੀਂ ਪੁੱਛੇ ਜਾਣਗੇ। 2+2+2+2= 8

ਪ੍ਰਸ਼ਨ 7: ਇੱਕ ਅਜਿਹਾ ਪੈਰਾ ਜਾਂ ਕੁਝ ਵਾਕ ਦਿੱਤੇ ਜਾਣਗੇ, ਜਿਨ੍ਹਾਂ ਵਿੱਚ ਛੇ ਵਿਸ਼ਰਾਮ ਚਿੰਨ੍ਹ ਲੱਗ ਸਕਦੇ ਹੋਣ, ਢੁਕਵੇਂ ਵਿਸ਼ਰਾਮ ਚਿੰਨ੍ਹ ਲਾਉਣ ਲਈ ਕਿਹਾ ਜਾਵੇਗਾ। 2

ਪ੍ਰਸ਼ਨ 8: (ੳ) ਇਸ ਪ੍ਰਸ਼ਨ ਵਿੱਚ ਵਿਆਕਰਨ: ਪਰਿਭਾਸ਼ਾ, ਮੰਤਵ, ਅੰਗ; ਭਾਸ਼ਾ ਅਤੇ ਪੰਜਾਬੀ ਭਾਸ਼ਾ ਦੀਆਂ ਉਪ-ਭਾਸ਼ਾਵਾਂ, ਟਕਸਾਲੀ ਜਾਂ ਮਿਆਰੀ ਪੰਜਾਬੀ ਭਾਸ਼ਾ ਬਾਰੇ ਦੋ ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ ਪੁੱਛੇ ਜਾਣਗੇ। 1+1= 2

(ਅ) ਧੁਨੀ ਅਤੇ ਪੰਜਾਬੀ ਧੁਨੀਆਂ: ਸੁਰ, ਵਿਅੰਜਨ, ਨਾਸਕੀ ਸੁਰ, ਨਾਸਕੀ ਵਿਅੰਜਨ ਬਾਰੇ1ਪ੍ਰਸ਼ਨ ਪੁੱਛਿਆ ਜਾਵੇਗਾ। 1

ਪ੍ਰਸ਼ਨ 9: ਲਿਪੀ ਅਤੇ ਗੁਰਮੁਖੀ ਲਿਪੀ: ਵਰਨ ਜਾਂ ਅੱਖਰ, ਮੁਕਤਾ, ਲਗਾਂ, ਬਿੰਦੀ, ਟਿੱਪੀ, ਅਧਕ ਦੀ ਵਰਤੋਂ ਬਾਰੇ ਬਹੁਤ ਛੋਟੇ ਉੱਤਰਾਂ ਵਾਲੇ ਦੋ ਪ੍ਰਸ਼ਨ ਪੁੱਛੇ ਜਾਣਗੇ। 2

ਪ੍ਰਸ਼ਨ 10: (ੳ) ਦੋ ਸ਼ਬਦ-ਭੇਦ ਦੇ ਕੇ ਕਿਸੇ ਇੱਕ ਦੀ ਪਰਿਭਾਸ਼ਾ ਅਤੇ ਉਦਾਹਰਨ ਪੁੱਛੀ ਜਾਵੇਗੀ। (ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ ਅਤੇ ਵਿਸਮਿਕ ਦੀਆਂ ਪਰਿਭਾਸ਼ਾਵਾਂ)। 2

(ਅ) ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਕਿਰਿਆ-ਵਿਸ਼ੇਸ਼ਣ ਦੀਆਂ ਕਿਸਮਾਂ ਪੁੱਛੀਆਂ ਜਾਣਗੀਆਂ। 2

ਪ੍ਰਸ਼ਨ 11: ਕੋਈ ਇੱਕ ਵਾਕ ਦੇ ਕੇ ਉਸ ਵਿਚਲੇ ਨਾਂਵ, ਪੜਨਾਂਵ ਸ਼ਬਦਾਂ ਦੇ ਵਚਨ ਤੇ ਲਿੰਗ ਬਦਲ ਕੇ ਦੋ ਵੱਖਰੇ-ਵੱਖਰੇ ਵਾਕਾਂ ਵਿੱਚ ਮੁੜ ਲਿਖਣ ਲਈ ਕਿਹਾ ਜਾਵੇਗਾ। 2

ਪ੍ਰਸ਼ਨ 12: ਕੋਈ ਇੱਕ ਵਾਕ ਦੇ ਕੇ ਉਸ ਨੂੰ ਦੋ ਵੱਖ-ਵੱਖ ਕਾਲਾਂ ਵਿੱਚ ਬਦਲ ਕੇ ਮੁੜ ਲਿਖਣ ਲਈ ਕਿਹਾ ਜਾਵੇਗਾ। 2

ਪ੍ਰਸ਼ਨ 13: (ੳ) ਇੱਕ ਬਹੁ-ਅਰਥਕ ਸ਼ਬਦ ਦੇ ਕੇ ਉਸ ਦੇ ਵੱਖਰੇ-ਵੱਖਰੇ ਅਰਥਾਂ ਨੂੰ ਸਪਸ਼ਟ ਕਰਨ ਲਈ ਉਸ ਨੂੰ ਵਾਕਾਂ ਵਿੱਚ ਵਰਤਣ ਲਈ ਕਿਹਾ ਜਾਵੇਗਾ।

(ਅ) ਇੱਕ ਸ਼ਬਦ ਦੇ ਕੇ ਉਸ ਦੇ ਸਮਾਨਾਰਥਕ ਸ਼ਬਦ ਲਿਖਣ ਲਈ ਕਿਹਾ ਜਾਵੇਗਾ।

(ੲ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਜਾਂ ਇੱਕ ਸ਼ਬਦ ਦੇ ਕੇ ਉਸ ਦਾ ਵਿਰੋਧੀ ਸ਼ਬਦ ਪੁੱਛਿਆ ਜਾਵੇਗਾ। 1+1+1=3

**ਨਿਰਧਾਰਿਤ ਪਾਠ-ਪੁਸਤਕ: ਆਧੁਨਿਕ ਪੰਜਾਬੀ ਵਿਆਕਰਨ ਅਤੇ ਲੇਖ ਰਚਨਾ**
**(ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ)**

## ਅੰਤਰਿਕ ਮੁਲਾਂਕਣ: 10 ਅੰਕ

### ਅੰਤਰਿਕ ਮੁਲਾਂਕਣ ਦੀਆਂ ਹਿਦਾਇਤਾਂ ਅਤੇ ਅੰਕ-ਵੰਡ

| ਲੜੀ ਨੰ. | ਅੰਤਰਿਕ ਮੁਲਾਂਕਣ ਦੀ ਰੂਪ-ਰੇਖਾ | ਅੰਕ |
|---|---|---|
| 1. | **ਪ੍ਰੋਜੈਕਟ:** ਸੰਬੰਧਿਤ ਵਿਸ਼ਾ-ਪੁਸਤਕ ਦੇ ਕਿਸੇ ਵੀ ਵਿਆਕਰਨਿਕ ਇਕਾਈ/ਸ਼੍ਰੇਣੀ ਨਾਲ ਸੰਬੰਧਿਤ ਵਿਸ਼ੇ 'ਤੇ ਹੇਠ ਲਿਖੇ ਪ੍ਰੋਜੈਕਟ ਬਣਾਏ ਜਾਣਗੇ ਅਤੇ ਇਸ ਦੇ ਮੁਲਾਂਕਣ ਲਈ ਵਿਸ਼ਾ ਅਧਿਆਪਕ ਨੂੰ ਜਮ੍ਹਾਂ ਕਰਵਾਏ ਜਾਣਗੇ।<br>1. 01 ਚਾਰਟ<br>2. 01 ਸਕਰੈਪ ਬੁੱਕ (ਸੰਬੰਧਿਤ ਵਿਸ਼ੇ ਨਾਲ ਸੰਬੰਧਿਤ ਤਸਵੀਰਾਂ ਆਦਿ ਦੀ ਸਮੱਗਰੀ ਵਾਲੀ)<br>3. 01 ਮਾਡਲ ਦਾ ਨਿਰਮਾਣ | **05 ਅੰਕ**(1+2+2)<br>1 ਅੰਕ<br>2 ਅੰਕ<br>2 ਅੰਕ |
| 2. | **ਭਾਸ਼ਾਈ ਸਮਰਥਾ** :(ਸ਼ੁੱਧ ਉਚਾਰਨ/ਬੋਲਣ-ਯੋਗਤਾ):<br>ਸੰਬੰਧਿਤ ਵਿਸ਼ਾ-ਪੁਸਤਕ ਨਾਲ ਸੰਬੰਧਿਤ। | 02 ਅੰਕ |
| 3. | **ਭਾਸ਼ਾਈ ਸਮਰਥਾ** (ਸਰਵਣ/ਸੁਣਨ-ਯੋਗਤਾ):<br>ਸੰਬੰਧਿਤ ਵਿਸ਼ਾ-ਪੁਸਤਕ ਨਾਲ ਸੰਬੰਧਿਤ। | 02 |
| 4. | **ਪੁਸਤਕ ਬੈਂਕ/ਬੁੱਕ-ਬੈਂਕ:**<br>ਸੰਬੰਧਿਤ ਵਿਸ਼ੇ ਦੀਆਂ ਪੁਸਤਕਾਂ ਦੇ ਬੁੱਕ-ਬੈਂਕ ਵਿੱਚ ਯੋਗਦਾਨ ਪਾਉਣ ਅਤੇ ਉਹਨਾਂ ਦੀ ਸਾਂਭ-ਸੰਭਾਲ ਵਿੱਚ ਕਿਰਿਆਸ਼ੀਲ ਭੂਮਿਕਾ ਨਿਭਾਉਣ ਦੇ ਆਧਾਰ 'ਤੇ ਇਹ ਅੰਕ ਸੰਬੰਧਿਤ ਵਿਸ਼ਾ-ਅਧਿਆਪਕ ਵੱਲੋਂ ਦਿੱਤੇ ਜਾਣਗੇ। | 01 |
| | | |
| | ਕੁੱਲ ਅੰਕ | 10 |

**ਨਿਰਧਾਰਿਤ ਪਾਠ-ਪੁਸਤਕ:**

**1.ਆਧੁਨਿਕ ਪੰਜਾਬੀ ਵਿਆਕਰਨ ਅਤੇ ਲੇਖ-ਰਚਨਾ**

**ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ**